# ਰਾਖਹੁ ਸੰਤ ਸੰਗਾਹਿ

**ਆਸਾ ਮਹਲਾ ੫ ।।**

**ਆਪੁਨੀ ਭਗਤਿ ਨਿਬਾਹਿ।। ਠਾਕੁਰ ਆਇਓ ਆਹਿ।।੧।।ਰਹਾਉ।।**

ਇਹ ਸ਼ਬਦ ਸ੍ਰੀ ਗੁਰੂ ਅਰਜਨ ਸਾਹਿਬ ਦਾ, ਆਸਾ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੪੦੭ ਤੇ ਸੁਭਾਇਮਾਨ ਹੈ।

-- ਇਸ ਸ਼ਬਦ ਵਿਚ ਸ੍ਰੀ ਗੁਰੂ ਅਰਜਨ ਸਾਹਿਬ ਜੀ, ਜੀਵ ਵਲੋਂ, ਅਕਾਲ ਪੁਰਖ ਨੂੰ ਬੇਨਤੀ ਕਰਦੇ ਹਨ। ਸਾਨੂੰ ਸਮਝਾ ਰਹੇ ਹਨ ਕਿ ਇਹ ਅਰਜ਼ੋਈ ਕਰਨੀ ਚਾਹੀਦੀ ਹੈ ਕਿ ਹੇ ਠਾਕੁਰ, ਇਸ਼ਟ ਦੇਵ, ਅਰਾਧਯ, ਮਾਲਕ ! ਮੈਂ ਤੇਰੀ ਸ਼ਰਣ ਆਇਆ ਹਾਂ, ਮਸਾਂ, ਔਖਾ ਸੌਖਾ, ਤੇਰੇ ਤਕ ਅਪੜਿਆ ਹਾਂ, ਤੇਰੀ ਭਗਤੀ ਕਰਣ ਲਗਿਆ ਹਾਂ, ਤੂੰ ਮੇਰੀ ਭਗਤੀ ਤੋੜ ਨਿਭਾਅ ਦੇ, ਸੰਪੂਰਣ ਕਰ ਦੇ, ਥਾਂ ਪਾ ਦੇ।੧।ਰਹਾਉ।

ਪਹਿਲਾਂ ਤਾਂ, ਭਗਤੀ ਹੀ ਕਿਰਪਾ ਨਾਲ ਹੀ ਹੁੰਦੀ ਹੈ। ਉਸ ਤੋਂ ਬਾਅਦ ਭਗਤੀ, ਜਦੋਂ ਤਕ, ਇਸ਼ਟ ਦੇਵ ਕਬੂਲ ਨਾ ਕਰੇ, ਥਾਂ ਨਾ ਪਾਏ, ਕੋਈ ਪ੍ਰਾਪਤੀ ਨਹੀਂ ਹੁੰਦੀ। ਪ੍ਰਾਪਤੀ ਲਈ ਭਗਤੀ ਜ਼ਰੂਰੀ ਹੈ ਪਰ ਭਗਤੀ ਕਰ ਕੇ ਵੀ, ਪ੍ਰਾਪਤੀ ਤੇ ਕੋਈ ਅਧਿਕਾਰ, ਦਾਈਆ ਨਹੀਂ ਬਣ ਜਾਂਦਾ। ਉਸ ਲਈ ਮਾਲਕ ਦੀ, ਇਸ਼ਟ ਦੇਵ ਦੀ ਕਿਰਪਾ ਜ਼ਰੂਰੀ ਹੈ। ਉਹ ਭਗਤੀ ਥਾਂ ਪਾ ਦਏ ਤਾਂ ਹੀ ਉਸਦੀ ਕਿਰਪਾ ਨਾਲ ਪ੍ਰਾਪਤੀ ਸੰਭਵ ਹੈ। ਜਿਤਨੀ ਕਿਰਪਾ ਉਤਨੀ ਪ੍ਰਾਪਤੀ। ਭਗਤੀ ਲੋੜੀਂਦੀ required ਹੈ ਜ਼ਰੂਰੀ necessary ਹੈ ਪਰ ਕਾਫ਼ੀ, sufficient ਨਹੀਂ। ਇਹੀ ਤੱਥ ਅਗਲੀ ਪੰਕਤੀ ਵਿਚ ਵੀ ਸਪੱਸ਼ਟ ਕੀਤਾ ਗਿਆ ਹੈ। ਵੈਸੇ ਪ੍ਰਭੂ ਦਾ ਵਿਧਾਨ ਹੈ ਕਿ ਉਹ ਭਗਤੀ, ਥਾਂ, ਸਾਧੂ ਰਾਹੀਂ ਹੀ ਪਾਉਂਦਾ ਹੈ। ਇਸ ਕੰਮ ਲਈ, ਪੰਨਾ ੨੦੯ ਤੇ, ਸਾਧੂ ਨੂੰ ਬੇਨਤੀ ਕੀਤੀ ਗਈ ਹੈ ਕਿ ਮੈਨੂੰ ਤੋੜ ਪਹੁੰਚਾ ਦਿਓ - 'ਤੁਮ ਹਰਿ ਸੇਤੀ ਰਾਤੇ ਸੰਤਹੁ।। ਨਿਬਾਹਿ ਲੇਹੁ ਮੋ ਕਉ ਪੁਰਖ ਬਿਧਾਤੇ ਓੜਿ ਪਹੁਚਾਵਹੁ ਦਾਤੇ।।'

**ਨਾਮੁ ਪਦਾਰਥੁ ਹੋਇ ਸਕਾਰਥੁ ਹਿਰਦੈ ਚਰਨ ਬਸਾਹਿ।।੧।।**

-- ਅਗੋਂ ਬੇਨਤੀ ਜਾਰੀ ਹੈ ਕਿ ਮੇਰਾ ਨਾਮ ਦਾ ਪਦਾਰਥ, ਭਾਵ, ਅਮੋਲਕ ਵਸਤੂ, ਭਾਵ ਮੇਰੇ ਰਾਹੀਂ ਪ੍ਰਭੂ ਦਾ ਜਪਿਆ ਹੋਇਆ ਕੀਮਤੀ ਨਾਮ

ਸਫ਼ਲ ਹੋ ਜਾਇ, ਲਾਭਵੰਤ ਹੋ ਜਾਏ, ਨਿਭ ਜਾਏ, ਫ਼ਲੀਭੂਤ ਹੋ ਜਾਏ। ਫ਼ਲ ਹੈ, ਸੰਸਾਰਕ ਮੋਹ ਮਾਇਆ ਤੋਂ ਉਪਰ ਉਠ ਕੇ, ਪ੍ਰਭੂ ਦਾ ਪ੍ਰੇਮ ਹਿਰਦੇ ਵਿਚ ਵਸ ਜਾਣਾ। ਪੰਕਤੀ ਦੇ ਅਗਲੇ ਹਿਸੇ ਵਿਚ ਇਹੀ ਬੇਨਤੀ ਹੈ ਕਿ ਪ੍ਰਭੂ ਦੇ ਚਰਣ ਹਿਰਦੇ ਵਿਚ ਵਸ ਜਾਣ, ਭਾਵ, ਮੋਹ ਮਾਇਆ ਤੋਂ ਉਠ ਕੇ ਪ੍ਰਭੂ ਦੀ ਮਿਠੀ, ਪ੍ਰੇਮ ਭਰੀ ਯਾਦ, ਸਿਮਰਣ, ਇਕ ਰਸ ਹਿਰਦੇ ਵਿਚ ਵਸ ਜਾਏ, ਛਾ ਜਾਏ, **ਤੂੰ ਤੂੰ ਕਰਦਾ ਤੂੰ ਹੋ ਜਾਏ**, ਇਹੀ ਪ੍ਰਭੂ ਦੇ ਚਰਣ ਵਸਣ ਦਾ ਭਾਵ ਹੈ।੧।

ਭਗਤ ਕਬੀਰ ਜੀ ਨੇ, ਪੰਨਾ ੧੩੭੬ ਤੇ, ਬੈਰਾਗ ਨੂੰ 'ਫਲ' ਦਸਿਆ ਹੈ। ਬੈਰਾਗ ਦਾ ਇਹੀ ਭਾਵ ਹੈ ਕਿ ਮਾਇਆ ਤੋਂ ਉਪਰਾਮ ਹੋ ਕੇ, ਪ੍ਰਭੂ ਦਾ ਪ੍ਰੇਮ, ਇਕ ਰਸ, ਲਗਾਤਾਰ ਹਿਰਦੇ ਵਿਚ ਵਸ ਜਾਣਾ - 'ਕਬੀਰ ਤਰਵਰ ਰੂਪੀ ਰਾਮੁ ਹੈ ਫਲ ਰੂਪੀ ਬੈਰਾਗੁ॥' ਪਰ ਇਹ ਤੋੜ ਨਿਭਾਉਣ ਵਾਲਾ 'ਕਾਜ', ਵਡਾ ਕੰਮ, ਸਾਧ ਜਨਾਂ ਨੇ ਹੀ ਕਰਨਾਂ ਹੁੰਦਾ ਹੈ। ਸਾਧੂ ਦੀ ਕਰੜੀ ਸੰਗਤਿ ਸਦਕਾ ਮਨੁਖ, ਬੰਦਗੀ ਰੂਪੀ ਮੁਸ਼ੱਕਤ ਕਰ ਸਕਦਾ ਹੈ ਅਤੇ ਅਗੋਂ ਉਸ ਦੇ ਹੀ ਤੁਠ ਪੈਣ ਤੇ ਦੇਵ, ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ - 'ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ॥', ਪੰਨਾ ੪੪. ਇਹੀ ਹੈ ਘਾਲਣਾ ਥਾਇੰ ਪੈਣੀ।

ਏਹ ਮੁਕਤਾ ਏਹ ਜੁਗਤਾ ਰਾਖਹੁ ਸੰਤ ਸੰਗਾਹਿ॥੨॥

-- ਉਪਰ ਦਿਤੇ ਕਾਰਣਾਂ ਕਰਕੇ ਹੀ ਗੁਰੂ ਸਾਹਿਬ ਸਾਨੂੰ ਸਮਝਾਉਂਦੇ ਹਨ ਕਿ ਅਕਾਲ ਪੁਰਖ ਨੂੰ ਇਹ ਬੇਨਤੀ ਕਰਨੀ ਜ਼ਰੂਰੀ ਹੈ ਕਿ ਮੈਨੂੰ ਆਪਣੇ ਸੰਤ ਦੀ ਸੰਗਤਿ ਬਖ਼ਸ਼ੀ ਰਖ, ਏਹੀ ਮੇਰੇ ਲਈ ਜੀਵਨ ਜੁਗਤਿ ਹੈ ਅਤੇ ਇਹੀ ਮੇਰੇ ਲਈ ਮੁਕਤੀ ਹੈ। ਕਿਉਂਕਿ ਸੰਤ ਦੀ ਪ੍ਰਾਪਤੀ ਬਹੁਤ ਵਡਾ ਕੰਮ ਹੈ।੨।

ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਜਿਸ ਨੇ ਸਾਧੂ ਦੇ ਚਰਣਾਂ ਵਿਚ ਰਹਿ ਕੇ, ਉਸ ਦੀ ਸੇਵਾ ਕਰ ਲਈ ਉਸ ਦਾ ਜਨਮ ਸਫ਼ਲ ਹੋ ਗਿਆ, ਇਸ ਕਰਕੇ ਸੰਤ ਜਨਾਂ ਦੇ ਦਾਸਾਂ ਦਾ ਦਾਸ ਬਣਾ ਦੇਣ ਦੀ ਦਇਆ ਕਰਣ ਲਈ ਪ੍ਰਭੂ ਅਗੇ ਅਰਜ਼ੋਈ ਕੀਤੀ ਹੈ - 'ਜਿਨ ਸਾਧੂ ਚਰਣ ਸਾਧ ਪਗ ਸੇਵੇ ਤਿਨ ਸਫਲਿਓ ਜਨਮੁ ਸਨਾਥਾ॥ ਮੋ ਕਉ ਕੀਜੈ ਦਾਸੁ ਦਾਸ ਦਾਸਨ ਕੋ ਹਰਿ ਦਇਆ ਧਾਰਿ ਜਗੰਨਾਥਾ॥', ਪੰਨਾ ੬੯੬.

ਪੰਚਮ ਪਾਤਸ਼ਾਹ ਅਨੁਸਾਰ, ਉਹੀ ਜਨ ਹੀ ਪੂਰਨ ਹਨ ਜਿਨ੍ਹਾਂ ਨੂੰ ਸਾਧੂ ਦੇ ਚਰਣਾਂ ਦੀ ਧੂੜ ਪ੍ਰਾਪਤ ਹੈ - 'ਕਹੁ ਨਾਨਕ ਸੇਈ ਜਨ ਪੂਰੇ॥ ਜਿਨਾ ਪਰਾਪਤਿ

ਸਾਧੂ ਧੂਰੇ।।', ਪੰਨਾ ੧੯੫. ਸਾਧੂ ਦੀ ਧੂੜ ਨੂੰ ਹੀ ਆਪਣਾ ਮਕਸੱਦ ਦਸਦੇ ਹੋਏ, ਸ੍ਰੀ ਗੁਰੂ ਅਰਜਨ ਸਾਹਿਬ, ਪਰਮੇਸ਼ਰ ਅਗੇ, ਸਾਧੂ ਦੇ ਚਰਣਾਂ ਦੇ ਧੂੜ ਬਣੇ ਰਹਿਣ ਦੀ ਜਾਚਨਾ ਕਰਦੇ ਹਨ - 'ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ।। ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ।।', ਪੰਨਾ ੧੩. ਪਾਤਸ਼ਾਹ ਬਚਨ ਕਰਦੇ ਹਨ, ਕਿਉਂਕਿ ਸਾਧੂ ਦੀ ਸੰਗਤਿ ਤੋਂ ਬਿਨਾਂ ਜਿਤਨਾ ਜਿਉਣਾ ਹੈ, ਸਭ ਬੇਕਾਰ ਹੈ, ਉਸ ਦੇ ਮਿਲਣ ਨਾਲ ਹੀ ਸਭ ਭਰਮ ਕਟੇ ਜਾਂਦੇ ਹਨ ਅਤੇ ਮਨੁਖ ਮੁਕਤ ਹੋ ਜਾਂਦਾ ਹੈ, ਜਿਸ ਦਿਨ ਸਾਧੂ ਸੰਗਤਿ ਮਿਲੀ ਉਸ ਦਿਨ ਤੋਂ ਹੀ ਬਲਿਹਾਰ ਜਾਵਾਂ ਅਤੇ ਸਾਧੂ ਤੋਂ ਆਪਣਾ ਤਨ ਮਨ ਅਤੇ ਜਿੰਦ, ਸਭ ਕੁਝ, ਮੈਂ ਫ਼ਿਰ ਫ਼ਿਰ ਵਾਰ ਦਿਆਂ - 'ਬਿਨੁ ਸਾਧੂ ਜੋ ਜੀਵਨਾ ਤੇਤੋ ਬਿਰਥਾਰੀ।। ਮਿਲਤ ਸੰਗਿ ਸਭ ਭ੍ਰਮ ਮਿਟੇ ਗਤਿ ਭਈ ਹਮਾਰੀ।। ਜਾ ਦਿਨ ਭੇਟੇ ਸਾਧੂ ਉਆ ਦਿਨ ਬਲਿਹਾਰੀ।। ਤਨੁ ਮਨੁ ਅਪਨੋ ਜੀਅਰਾ ਫਿਰਿ ਫਿਰਿ ਹਉ ਵਾਰੀ।।', ਪੰਨਾ ੮੧੦.

**ਨਾਮੁ ਧਿਆਵਉ ਸਹਜਿ ਸਮਾਵਉ ਨਾਨਕ ਹਰਿ ਗੁਨ ਗਾਇ।।੩।।੬।।੧੪੬।।**

-- ਸਾਧੂ ਦੀ ਸੰਗਤਿ ਦਾ ਨਤੀਜਾ ਇਹ ਹੋਇਆ ਕਿ ਉਸ ਸਦਕਾ ਨਾਮ ਧਿਆਉਣ ਨਾਲ, ਮੈਂ ਉਸ ਸਹਜ ਦੀ ਅਵੱਸਥਾ ਵਿਚ ਪੁਜ ਗਿਆ ਜਿਥੇ ਮਾਇਆ ਨਹੀਂ ਪੋਂਹਦੀ ਅਤੇ ਉਸ ਦਾ ਨਤੀਜਾ ਇਹ ਹੋਇਆ ਕਿ ਮੇਰਾ ਸਿਮਰਣ ਹੁੰਦਾ ਹੀ ਰਹਿੰਦਾ ਹੈ।੩।੬।੧੪੬।

ਸਾਧੂ ਦੀ ਸੰਗਤਿ ਦਾ ਨਤੀਜਾ ਇਹ ਹੁੰਦਾ ਹੈ ਕਿ ਮਨੁਖ ਦੇ ਦਿਨ ਚੰਗੇ ਆ ਜਾਂਦੇ ਹਨ ਕਿਉਂਕਿ ਸਦਾ ਸਿਮਰਨ ਵਿਚ ਜੁੜੇ ਰਹਿਣ ਦੇ ਨਾਲ ਵਡਾ ਅਨੰਦ ਬਣਿਆ ਰਹਿੰਦਾ ਹੈ ਅਤੇ ਉਹ ਕਰਤਾ ਪੁਰਖ, ਪ੍ਰਭੂ ਮਿਲ ਪੈਂਦਾ ਹੈ - 'ਜਬ ਤੇ ਦਰਸਨ ਭੇਟੇ ਸਾਧੂ ਭਲੇ ਦਿਨਸ ਓਇ ਆਏ।। ਮਹਾ ਅਨੰਦੁ ਸਦਾ ਕਰਿ ਕੀਰਤਨੁ ਪੁਰਖ ਬਿਧਾਤਾ ਪਾਏ।।', ਪੰਨਾ ੬੭੧.



22.10.2020